# ਉਦਯੋਗਿਕ ਇਕਾਈਆਂ ਵੱਲੋਂ ਆਪਣਾ ਜ਼ਹਿਰੀਲਾ ਪਾਣੀ ਧਰਤੀ ਹੇਠਾਂ ਬੋਰਾਂ ਰਾਹੀਂ ਪਾਉਣਾ ਗੈਰ-ਕਾਨੂੰਨੀ- ਸੂਚਨਾਂ ਦੇਣ ਵਾਲੇ ਨੂੰ ਮਿਲੇਗਾ ਇੱਕ ਲੱਖ ਰੁਪਏ ਇਨਾਮ

ਕਿਸੇ ਵੀ ਵਿਅਕਤੀ ਜਾਂ ਸੰਸਥਾ ਵੱਲੋਂ ਉਦਯੋਗਿਕ ਜ਼ਹਿਰੀਲਾ ਪਾਣੀ ਧਰਤੀ ਹੇਠਾਂ ਬੋਰਾਂ ਰਾਹੀਂ ਪਾਉਣਾ ਗੈਰ-ਕਾਨੂੰਨੀ ਹੈ । ਭਾਵੇ ਕਿ ਪੰਜਾਬ ਦੇ ਉਦਯੋਗਾਂ ਵੱਲੋਂ ਆਮ ਤੌਰ ਤੇ ਆਪਣੇ ਪਾਣੀ ਨੂੰ ਸੁਧਰੇ ਯੰਤਰਾਂ ਰਾਂਹੀ ਸਾਫ ਕਰਕੇ ਦੁਬਾਰਾ ਵਰਤੋ ਵਿੱਚ ਲਿਆਦਾਂ ਜਾਂਦਾ ਹੈ, ਪਰ ਫਿਰ ਵੀ ਕੁਝ ਇਕਾਈਆਂ ਵੱਲੋਂ ਗੰਦਾ ਪਾਣੀ ਧਰਤੀ ਹੇਠ ਭੇਜਣ ਦੀਆਂ ਸੰਭਾਵਨਾਵਾਂ ਬਣਦੀਆਂ ਰਹਿੰਦੀਆਂ ਹਨ । ਧਰਤੀ ਹੇਠਲੇ ਪਾਣੀ ਦੀ ਪਵਿੱਤਰਤਾ ਕਾਇਮ ਰੱਖਣ ਹਿੱਤ ਇਹ ਫੈਸਲਾ ਕੀਤਾ ਗਿਆ ਹੈ ਕਿ ਕਿਸੇ ਵੀ ਅਜਿਹੇ ਵਿਅਕਤੀ/ਸੰਸਥਾ ਨੂੰ ਇੱਕ ਲੱਖ ਰੁਪਏ ਦਾ ਨਕਦ ਇਨਾਮ ਦਿਤਾ ਜਾਵੇਗਾ, ਜੋ ਬੋਰਡ ਨੂੰ ਸਹੀ ਸੂਚਨਾਂ ਪ੍ਰਦਾਨ ਕਰੇਗਾ ਕਿ ਕਿਸੇ ਖਾਸ ਉਦਯੋਗ ਵੱਲੋਂ ਆਪਣੀ ਚਾਰਦੀਵਾਰੀ ਦੇ ਅੰਦਰ ਜਾਂ ਕਿਸੇ ਹੋਰ ਥਾਂ ਤੇ ਬੋਰਵੈੱਲ ਰਾਹੀਂ ਆਪਣਾ ਅਣਸੋਧਿਆ ਪਾਣੀ ਧਰਤੀ ਹੇਠਲੇ ਪਾਣੀ ਨਾਲ ਮਿਲਾਇਆ ਜਾ ਰਿਹਾ ਹੈ ਅਤੇ ਸੂਚਨਾਂ ਦੇਣ ਵਾਲੇ ਵਿਅਕਤੀ/ਸੰਸਥਾ ਦੀ ਪਹਿਚਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ ।

ਬੋਰਡ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਇਸ ਸਮੱਸਿਆ ਬਾਰੇ ਸੰਵੇਦਨਸ਼ੀਲਤਾ ਅਪਣਾਉਂਦਿਆਂ ਜੇਕਰ ਕਿਸੇ ਵਿਅਕਤੀ ਨੂੰ ਪਤਾ ਚਲਦਾ ਹੈ ਕਿ ਕਿਸੇ ਉਦਯੋਗ ਵੱਲੋਂ ਜ਼ਹਿਰੀਲਾ ਪਾਣੀ ਬੋਰ ਕਰਕੇ ਧਰਤੀ ਵਿੱਚ ਸੁੱਟਿਆ ਜਾ ਰਿਹਾ ਹੈ ਤਾਂ ਉਹ ਇਸ ਬਾਰੇ ਸੂਚਨਾਂ ਬੋਰਡ ਦੇ ਮੋਬਾਇਲ ਨੰਬਰ 98789-50593 ਤੇ ਜਾਂ ਚਿੱਠੀ ਲਿਖ ਕੇ ਜਾਂ ਈਮੇਲ ppcbgw@gmail.com ਰਾਹੀਂ ਦੇਣ।


## ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ

ਵਾਤਾਵਰਣ ਭਵਨ. ਨਾਭਾ ਰੋਡ, ਪਟਿਆਲਾ

ਫੋਨ 0175-2227925,2200557 ਫੈਕਸ 0175-2215636